# ਜੀਅ ਉਪਾਇ ਜੁਗਤਿ ਹਥਿ ਕੀਨੀ

**ਆਸਾ ਮਹਲਾ ੧ ॥**
**ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ ॥**
**ਅੰਧੁਲੈ ਦਹਸਿਰਿ ਮੂੰਡੁ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ ॥**

ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਇਹ ਸ਼ਬਦ, ਰਾਗ ਆਸਾ ਵਿਚ ਉਚਾਰਣ ਕੀਤਾ ਹੈ, ਜੋ ੩੫੦ ਪੰਨੇ ਤੇ, ਅੰਕਤ ਹੈ । ਇਸ ਸ਼ਬਦ ਵਿਚ ਗੁਰੂ ਸਾਹਿਬ ਨੇ, ਪ੍ਰਭੂ ਦੀ ਸਿਰਜੀ ਹੋਈ ਉਸ **ਗੁਰਜੋਤਿ** (ਆਪੀਨੈ ਆਪੁ ਸਾਜਿਓ) ਦੀ ਵਡਿਆਈ ਕੀਤੀ ਹੈ ਜਿਸ ਨੇ ਜੁਗਾਂ ਤੋਂ ਅਤੇ ਉਸ ਤੋਂ ਪਹਿਲਾਂ ਵੀ, ਸ੍ਰਿਸ਼ਟੀ ਸਾਜਣ ਦਾ ਕੰਮ ਕੀਤਾ ਹੈ (ਦੁਯੀ ਕੁਦਰਤਿ ਸਾਜੀਐ) ਅਤੇ ਇਸ ਦੇ ਪਾਲਣਹਾਰ ਵਜੋਂ (ਦਾਤਾ ਕਰਤਾ ਆਪਿ ਤੂੰ)। ਇਸੇ **ਗੁਰਜੋਤਿ** ਦਾ ਜ਼ਿਕਰ ਬਾਣੀ ਵਿਚ ਕਈ ਵੇਰ ਆਇਆ ਹੈ। ਕਿਉਂਕਿ ਨਿਰਗੁਣ ਅਕਾਲ ਪੁਰਖ ਨੇ ਸ੍ਰਿਸ਼ਟੀ ਦਾ ਜੋ ਵੀ ਕੰਮ ਕਰਨਾ ਹੁੰਦਾ ਹੈ, ਉਹ **ਗੁਰਜੋਤਿ** ਨੂੰ ਆਪਣਾ ਸਾਕਾਰ ਸਰੂਪ ਬਣਾ ਕੇ, ਸਾਰੀਆਂ ਸ਼ਕਤੀਆਂ (ਕਲਾ) ਸੰਪੰਨ ਕਰਕੇ, ਦ੍ਰਿਸ਼ਟਮਾਨ ਸਰੂਪ ਵਿਚ, ਪ੍ਰਗਟ ਕਰ ਦਿੰਦਾ ਹੈ। ਗੁਰੂ ਸਾਹਿਬ ਨੇ ਇਸ ਸ਼ਬਦ ਵਿਚ ਇਹ ਸਮਝਾਇਆ ਹੈ ਕਿ 'ਕਰਤਾ' ਨੇ **ਗੁਰਜੋਤਿ** ਰੂਪ ਵਿਚ ਪ੍ਰਗਟ ਹੋ ਕੇ ਆਉਣ ਤੇ ਕੀਤੇ, ਕਿਸੇ ਵੀ, ਦਿਸਦੇ, ਛੋਟੇ ਵਡੇ ਕੰਮ (ਜੋ ਸਾਡੀ ਛੋਟੀ ਜਿਹੀ ਬੁਧੀ ਨੂੰ ਵਡੇ ਲਗਦੇ ਹਨ, ਪਰ ਉਸ ਲਈ ਮਾਮੂਲੀ ਹਨ) ਰਾਹੀਂ ਉਸ ਦੀ ਵਡਿਆਈ ਦਾ ਪਾਰ ਨਹੀਂ ਪਾਇਆ ਜਾ ਸਕਦਾ। ਉਸਦੀ ਅਸਲ ਵਡਿਆਈ ਤਾਂ ਉਸ ਦੇ ਸ੍ਰਿਸ਼ਟੀ ਸਾਜਣ, ਪਾਲਣ ਤੇ ਨਾਸ ਕਰਣ ਵਿਚ ਹੈ, ਅਤੇ ਇਸ ਤੋਂ ਇਲਾਵਾ ਉਸ ਦੀ ਵਡੀ ਵਡਿਆਈ ਦਾ ਅਨੁਮਾਨ ਵੀ ਲਗਾਉਣਾ ਸੰਭਵ ਨਹੀਂ।

ਗੁਰਬਾਣੀ ਵਿਚ ਅੰਕਤ ਹੈ ਕਿ ਨਾਰਾਇਣ ਇਸੇ **ਗੁਰਜੋਤਿ** ਰਾਹੀਂ ਸੰਸਾਰ ਵਿਚ ਆਕਾਰ ਰੂਪ ਵਿਚ ਪ੍ਰਗਟ ਹੁੰਦਾ ਹੈ - 'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥ ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਯਿਉ॥', ਪੰਨਾ ੧੩੯੫ ਅਤੇ ਉਸੇ ਨੇ ਹੀ ਇਹ ਸ੍ਰਿਸ਼ਟੀ ਸਾਜੀ, ੮੪ ਲਖ ਜੂਨ ਪੈਦਾ ਕੀਤੀ ਅਤੇ ਉਸ ਨੂੰ ਰਿਜ਼ਕ ਦਿੰਦਾ ਆਇਆ ਹੈ। ਸਮੇਂ ਦੇ **ਗੁਰ-ਜੋਤਿ** ਸਰੂਪ, ਸ੍ਰੀ ਗੁਰੂ ਰਾਮਦਾਸ ਸਾਹਿਬ ਨੂੰ ਸੰਬੋਧਨ ਕਰ ਕੇ, ਫੁਰਮਾਣ ਹੈ - 'ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ॥ ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ॥' ਪੰਨਾ ੧੪੦੩. ਇਸੇ **ਗੁਰਜੋਤਿ** ਸਰੂਪ ਵਿਚ, ਨਾਰਾਇਣ, ਰੂਪ ਧਾਰ ਕੇ, ਸੰਸਾਰ ਵਿਚ ਪ੍ਰਗਟ ਹੋਇਆ ਅਤੇ ਇਸੇ **ਗੁਰਜੋਤਿ** ਦਾ ਹੀ ਰਾਜ ਸਦਾ ਤੋਂ ਹੀ ਅਬਿਚਲ ਤੇ ਅਟਲ ਹੋਣ ਦਾ ਫੁਰਮਾਣ 'ਆਦਿ ਪੁਰਖ' ਨੇ ਫੁਰਮਾਇਆ ਹੋਇਆ ਹੈ - 'ਸ੍ਰੀ ਗੁਰੂ ਰਾਜ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥', ਪੰਨਾ ੧੩੯੦. ਇਸੇ **ਗੁਰਜੋਤਿ** ਦੇ ਰੂਪ ਵਿਚ ਨਾਰਾਇਣ, ਕਦੇ ਰਘੁਬੰਸੀ ਰਾਮ ਕਹਾਇਆ, ਕਦੇ ਜਦੁਬੰਸੀ ਕ੍ਰਿਸ਼ਨ ਕਹਾਇਆ (ਧੰਨਿ ਧੰਨਿ ਬਨ ਖੰਡ ਬਿੰਦਰਾਬਨਾ ਜਹ ਖੇਲੈ ਸ੍ਰੀ ਨਾਰਾਇਨਾ॥, ਪੰਨਾ ੯੮੮), ਕਦੇ ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ.. ਕਹਾਇਆ - 'ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥ ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥ ਦੁਆਪਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥ ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥ ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥', ਪੰਨਾ ੧੩੯੦.

-- ਸ੍ਰੀ ਗੁਰੂ ਨਾਨਕ ਸਾਹਿਬ ਦਾ ਪਹਿਲੀਆਂ ਪੰਕਤੀਆਂ ਵਿਚ ਫ਼ੁਰਮਾਣ ਹੈ, '**ਪ੍ਰਭੂ/ਗੁਰਜੋਤਿ** ਦੀ ਵਡਿਆਈ ਤਾਂ ਇਹ ਹੈ ਕਿ ਉਸ ਨੇ ਪਉਣ ਪੈਦਾ ਕੀਤੀ, ਫ਼ਿਰ ਧਰਤੀ ਪੈਦਾ ਕੀਤੀ। ਜਲ, ਅਗਨੀ ਆਦਿ ਪੰਜ ਤੱਤ ਪੈਦਾ ਕਰਕੇ ਸਾਰੇ ਵਿਰੋਧੀ ਤੱਤਾਂ ਦਾ ਮੇਲ ਕਰਕੇ, ਸਾਰੀ ਸ੍ਰਿਸ਼ਟੀ ਸਾਜ ਦਿਤੀ। ਅਜਿਹੇ ਮਾਲਕ ਲਈ, ਰਾਵਣ ਮਾਰਨਾ ਕਿਹੜੀ ਵਡੀ ਗਲ ਸੀ';

-- **ਉਸ ਮੂਰਖ, ਮਾਇਆ** ਵਿਚ ਅੰਨ੍ਹੇ ਹੋਏ ਰਾਵਣ ਨੇ ਤਾਂ , ਜਿਸ ਨੂੰ **ਗੁਰਜੋਤਿ** ਦੀ ਪਛਾਣ ਨਾ ਹੋ ਸਕੀ, **ਗੁਰਜੋਤਿ** ਪ੍ਰਤੀ ਕੀਤੀ ਬੇਅਦਬੀ ਕਰਕੇ ਹੀ ਉਨ੍ਹਾਂ ਹਥੋਂ ਆਪਣਾ ਸਿਰ ਕਟਵਾ ਲਿਆ। ਭਾਵੇਂ ਦੁਨੀਆਂ ਨੂੰ ਇਹ ਕੰਮ ਵਡਾ ਲਗੇ ਪਰ **ਗੁਰਜੋਤਿ** ਲਈ ਤਾਂ ਇਹ ਮਮੂਲੀ ਕੰਮ ਸੀ, ਉਹ ਆਪ ਹੀ ਤਾਂ ਕਰਤਾ ਹੈ, ਪਾਲਕ ਤੇ ਨਾਸ਼ਕ ਵੀ ਹੈ, ਇਕ ਰਾਵਣ ਦਾ ਨਾਸ ਕਰਨਾ ਉਸ ਲਈ ਕਿਹੜੀ ਵਡੀ ਗਲ ਹੈ ! ।੧।

**ਕਿਆ ਉਪਮਾ ਤੇਰੀ ਆਖੀ ਜਾਇ ॥**
**ਤੂੰ ਸਰਬੇ ਪੂਰਿ ਰਹਿਆ ਲਿਵ ਲਾਇ ॥੧॥ਰਹਾਉ ॥**

-- **ਹੇ ਵਾਹਿਗੁਰੂ** ! ਹੇ ਗੁਰਜੋਤਿ ! ਤੇਰੀ ਵਡਿਆਈ ਤਾਂ ਕੋਈ ਕੀ ਬਿਆਨ ਕਰੇ ! ਉਹ ਤਾਂ ਬਿਆਨ ਹੀ ਨਹੀਂ ਕੀਤੀ ਜਾ ਸਕਦੀ।

-- **ਤੂੰ ਤਾਂ ਲਿਵ** ਲਗਾ ਕੇ, ਭਾਵ, ਪੂਰੇ ਸਚੇਤਨ ਰੂਪ ਵਿਚ (with full Consciousness) ਹਰ ਥਾਂ ਭਰਪੂਰ ਹੈਂ।੧।ਰਹਾਉ।
ਇਹੀ ਹੈ ਤੇਰੀ ਵਡਿਆਈ, ਜੋ ਜੀਵ ਬਿਆਨ ਹੀ ਨਹੀਂ ਕਰ ਸਕਦਾ।

**ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵਡਾ ਭਇਆ ॥**
**ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ ਨਿਰੰਤਰਿ ਰਵਿ ਰਹਿਆ ॥੨॥**

-- **ਹੇ ਵਾਹਗੁਰੂ** ! ਤੂੰ ਹੀ ਤਾਂ, ਇਸ **ਗੁਰਜੋਤਿ** ਦੇ ਰੂਪ ਵਿਚ, ਇਸ ਸ੍ਰਿਸ਼ਟੀ ਦੀ ਸਾਰੀ ਜੁਗਤਿ ਆਪਣੇ ਹਥ ਰਖ ਕੇ ਹੀ ਜੀਅ ਪੈਦਾ ਕੀਤੇ ਹਨ ਤਾਂ ਫ਼ਿਰ **ਕਰਤਾ ਪ੍ਰਭੂ** ਦਾ, ਸ੍ਰੀ ਕ੍ਰਿਸ਼ਨ ਰੂਪ ਹੋ ਕੇ, ਆਪਣੇ ਹੀ ਪੈਦਾ ਕੀਤੇ ਇਕ ਜੀਵ, ਕਾਲੀ ਨਾਗ ਨੂੰ ਵਸ ਵਿਚ ਜਾਂ ਕੰਟਰੋਲ ਕਰ ਲੈਣਾ ਕਿਹੜੀ ਵਡੀ ਗਲ ਸੀ ! ਭਾਵ, ਤੇਰੀ ਅਸਲ ਵਡਿਆਈ ਸ੍ਰਿਸ਼ਟੀ ਦੇ ਕਰਤਾ ਰੂਪ ਵਿਚ ਤਾਂ ਹੈ, ਕਾਲੀ ਨੂੰ ਨੱਥ ਲੈਣਾ ਤੇਰੇ ਲਈ ਕਿਹੜੀ ਵਡੀ ਗਲ ਹੈ !

-- **ਕੌਣ ਕਹਿ** ਸਕਦਾ ਹੈ ਕਿ ਤੂੰ ਕਿਸੇ ਦਾ ਪਤੀ ਹੈਂ, ਜਾ ਤੇਰੀ ਕੋਈ ਪਤਨੀ ਹੈਂ, ਭਾਵ, ਤੂੰ ਅਸਲ ਵਿਚ ਕਿਸੇ ਰਿਸ਼ਤੇ ਵਿਚ ਬੰਨ੍ਹਿਆਂ ਨਹੀਂ ਮੰਨਿਆ ਜਾ ਸਕਦਾ। (ਆਪਨ ਬਾਪੈ ਨਾਹੀ ਕਿਸੀ ਕੋ... ) ਕਬੀਰ ਜੀ ਮੁਤਾਬਕ, ਇਹ ਕਹਿਣਾ ਉਚਿਤ ਨਹੀਂ ਕਿ ਤੂੰ ਨੰਦ ਦਾ ਪੁਤਰ ਹੈਂ ਕਿਉਂਕਿ ਜਦੋਂ ਕੁਝ ਵੀ ਨਹੀਂ ਸੀ ਤਾਂ ਨੰਦ ਵੀ ਨਹੀਂ ਸੀ ਪਰ ਤੂੰ, ਕ੍ਰਿਸ਼ਨ (**ਗੁਰਜੋਤਿ**) ਤਾਂ ਉਦੋਂ ਵੀ ਸੀ, ਕਿਉਂਕਿ - 'ਕਹਿ ਨ ਸਕੈ ਕੋਊ ਤੂ ਕਦ ਕਾ॥' ਇਸ ਲਈ ਤੇਰਾ ਕੋਈ ਪਿਤਾ ਜਾਂ ਮਾਤਾ ਨਹੀਂ ਕਿਉਂਕਿ ਸਭ ਤੇਰੇ ਤੋਂ ਹਨ, ਤੂੰ ਕਿਸੇ ਤੋਂ ਨਹੀਂ, ਕਿਉਂਕਿ ਤੂੰ ਤਾਂ ਜਨਮ ਮਰਣ ਤੋਂ ਰਹਿਤ ਹੈ - 'ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ॥ ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ॥... ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ॥ ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ॥' ਪੰਨਾ ੩੩੮ ਅਤੇ - 'ਜਨਮ ਮਰਣ ਦੁਹਹੂ ਮਹਿ ਨਾਹੀ **ਜਨ** ਪਰਉਪਕਾਰੀ ਆਏ॥', ਪੰਨਾ ੭੪੯. ਤੂੰ ਤਾਂ ਸਾਰਿਆਂ

ਵਿਚ ਹੀ ਲਗਾਤਾਰ ਵਸਦਾ ਹੈਂ, ਭਾਵ, ਸਭ ਤੂੰ ਹੀ ਤੂੰ ਹੈਂ (... ਭਾਵਨ ਕੋ ਹਰਿ ਰਾਜਾ)। ਕੌਣ ਤੈਨੂੰ ਕਿਸੇ ਦਾ ਪਤੀ ਜਾਂ ਕਿਸੇ ਦੀ ਇਸਤਰੀ ਕਹਿ ਸਕਦਾ ਹੈਂ। ਤੂੰ ਤਾਂ ਸਭ ਵਿਚ ਵਿਆਪਕ ਹੈਂ।੨।

ਇਤਿਹਾਸਕ ਤੌਰ ਤੇ ਵੇਖਿਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ, ਬਿਨਾ ਕਿਸੇ ਰਿਸ਼ਤੇ ਦੇ ਬੰਧਨ ਵਿਚ ਪਿਆਂ, ਪਰਿਵਾਰ ਛਡ ਕੇ ਚਲੇ ਗਏ ; ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਹੀ ਪੁਤਰ ਬਾਬਾ ਅਟੱਲ ਰਾਏ ਜੀ ਦੇ ਰਬੀ ਹੁਕਮ ਦੀ ਪਛਾਣ ਕੀਤੇ ਬਿਨਾਂ ਕੁਦਰਤ ਦੇ ਕੰਮ ਵਿਚ ਦਖ਼ਲ ਦੇਣ ਬਦਲੇ ਸਰੀਰ ਤਿਆਗ ਦੇਣ ਤੇ ਦੁਖ ਨਾਂ ਕਰਨ ਦੀ ਤਾਕੀਦ ਕੀਤੀ; ਸ੍ਰੀ ਕ੍ਰਿਸ਼ਨ ਜੀ ਵੀ, ਇਤਨੀ ਪਿਆਰੀ ਮਾਤਾ ਜਸੋਦਾ ਅਤੇ ਗੋਪੀਆਂ ਨੂੰ ਛਡ ਕੇ ਗਏ ਤੇ ਪਿਛੇ ਮੁੜ ਕੇ ਨਹੀਂ ਵੇਖਿਆ; ਜ਼ਰੂਰੀ ਹੋਣ ਕਰਕੇ ਆਪਣੀ ਹੀ ਜਾਦਵ ਕੁਲ ਦਾ ਵੀ, ਆਪ ਹੀ ਨਾਸ ਕਰਵਾਇਆ, ਆਦਿ।

**ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ ॥**
**ਆਗੈ ਅੰਤੁ ਨ ਪਾਇਓ ਤਾ ਕਾ ਕੰਸੁ ਛੇਦਿ ਕਿਆ ਵਡਾ ਭਇਆ ॥੩॥**

-- **ਆਪਣੀ ਸ੍ਰਿਸ਼ਟੀ** ਵਿਚ ਵਰ ਦੇਣ ਵਾਲਾ ਬ੍ਰਹਮਾ, ਆਪਣੇ ਤ੍ਰਿਮੂਰਤੀ ਵਾਲੇ ਪਰਿਵਾਰ ਸਮੇਤ, ਵਾਪਸ ਕਮਲ ਦੀ ਨਾਲ ਵਿਚ, ਜਿਥੋਂ ਨਿਕਲਿਆ ਸੀ, ਆਪਣਾ ਸੋਮਾ, 'ਕਰਤਾ' (ਇਸੇ **ਗੁਰਜੋਤਿ**) ਨੂੰ, ਲਭਣ ਚਲਾ ਗਿਆ। (ਕਈ ਗ੍ਰੰਥਾਂ ਵਿਚ ਵਰ ਦੇਣ ਵਾਲੇ ਸ਼ਿਵ ਅਤੇ ਵਿਸ਼ਣੂ ਦੇ ਵੀ ਨਾਲ ਹੀ, ਨਾਲ ਵਿਚ ਜਾਣਾ ਲਿਖਿਆ ਹੈ।)

ਅਨੰਤ ਬ੍ਰਹਮਾ ਵਿਸ਼ਨੂੰ ਆਦਿ ਦਾ ਕਰਤਾ ਵੀ ਤਾਂ ਇਹੀ **ਗੁਰਜੋਤਿ** ਹੀ ਤਾਂ ਹੈ ਜਿਵੇਂ ਗੁਰਬਾਣੀ ਵਿਚ ਸ੍ਰੀ ਗੁਰੂ ਰਾਮਦਾਸ ਸਾਹਿਬ ਨੂੰ ਸੰਬੋਧਨ ਕਰ ਕੇ ਬਚਨ ਹਨ - 'ਬ੍ਰਹਮਾ ਬਿਸਨੁ ਸਿਰੇ ਤੈ ਅਗਨਤ...',ਪੰਨਾ ੧੪੦੩.

-- **ਅਗੇ ਤੋਂ ਅਗੇ** ਜਾ ਕੇ ਵੀ ਉਹ ਉਸ 'ਕਰਤਾ' ਦਾ ਅੰਤ ਨਹੀਂ ਪਾ ਸਕਿਆ, ਉਸੇ ਕਰਤਾ **ਗੁਰਜੋਤਿ** ਦੇ, ਸ੍ਰੀ ਕ੍ਰਿਸ਼ਨ ਰੂਪ ਵਿਚ ਕਾਲੀ ਨਾਗ ਨੂੰ ਕਾਬੂ ਕਰ ਲੈਣ ਵਿਚ, ਉਸ ਦੀ ਕੋਈ ਬਹੁਤੀ ਵਡਿਆਈ ਨਹੀਂ ਕਹੀ ਜਾ ਸਕਦੀ।੩।

ਉਸ ਦੀ ਅਸਲ ਵਡਿਆਈ ਤਾਂ ਉਸ ਦੇ 'ਕਰਤਾ' ਹੋਣ ਵਿਚ ਹੈ। ਉਹ ਤਾਂ ਬਹੁਤ ਵਡਾ ਹੈ। ਜਿਵੇਂ ਸੁਲਤਾਨ ਨੂੰ ਮੀਆਂ ਕਹਿ ਕੇ ਵਡਿਆਉਣ ਵਿਚ ਸੁਲਤਾਨ ਦੀ ਕੋਈ ਵਡਿਆਈ ਨਹੀਂ, ਸਗੋਂ ਵਡਿਆਈ ਕਰਣ ਵਾਲੇ ਦੀ ਅਗਿਆਨਤਾ ਹੈ - 'ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ॥', ਪੰਨਾ ੭੯੫.

**ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ ॥**
**ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ ॥੪॥੭॥**

-- ਇਸੇ **ਗੁਰਜੋਤਿ** ਨੇ ਰਤਨ ਪੈਦਾ ਕੀਤੇ ਅਤੇ ਸਮੁੰਦਰ ਵਿਚ ਧਰ ਦਿਤੇ। ਸਮੁੰਦਰ ਨੂੰ ਰਿੜਕਣ ਨਾਲ ਜਦੋਂ ਰਤਨ ਪਰਗਟ ਹੋਏ ਸਨ ਤਾਂ ਉਨ੍ਹਾਂ ਨੂੰ ਵੰਡਣ ਵੇਲੇ ਦੇਵਤੇ ਤੇ ਦਾਨਵ ਭਖਲਾ ਗਏ, ਭਾਵ, ਉਨ੍ਹਾਂ ਵਿਚ ਲੜਾਈ ਹੋ ਗਈ, ਕਿ ਇਹ ਅਸੀਂ ਲਭੇ ਹਨ ਤੇ ਅਸੀਂ ਲਭੇ ਹਨ, ਸਾਡੇ ਹਨ ਤੇ ਸਾਡੇ ਹਨ; ਬਹੁਤ ਕੁਬੋਲ ਬੋਲੇ ਗਏ।

-- **ਗੁਰਜੋਤਿ** ਰੂਪੀ 'ਕਰਤਾ' ਕਿਹੜਾ ਕਿਸੇ ਦੇ ਛੁਪਾਇਆਂ ਛੁਪ ਸਕਦਾ ਹੈ ! ਉਹ

ਇਕ ਅਤਿ-ਸੁੰਦਰ ਇਸਤਰੀ ਦੇ ਰੂਪ ਵਿਚ ਪ੍ਰਗਟ ਹੋਇਆ, ਜਿਸ ਨੂੰ '**ਮੋਹਣੀ**' ਅਵਤਾਰ ਕਹਿੰਦੇ ਹਨ। **ਗੁਰਜੋਤਿ** ਦਾ ਇਹੀ ਇਕੋ ਇਕ ਇਸਤਰੀ ਰੂਪ ਪਰਗਟ ਹੋਇਆ ਜਾਣਿਆਂ ਜਾਂਦਾ ਹੈ। ਇਸ ਸੁੰਦਰ ਇਸਤਰੀ ਰੂਪ ਨੇ, ਦੈਂਤਾਂ ਨੂੰ ਲੁਭਾਇਮਾਨ ਕਰ ਕੇ ਅੰਮ੍ਰਿਤ, ਦੇਵਾਂ ਨੂੰ ਦੇ ਕੇ ਬਾਕੀ ਰਤਨ ਬਿਨਾਂ ਲੜਾਈ ਝਗੜੇ ਦੇ, ਇਕ ਇਕ ਕਰਕੇ ਵੰਡ ਦਿਤੇ।੪।੭।

ਇਸ ਦੌਰਾਨ ਉਨ੍ਹਾਂ ਨੇ ਰਾਹੂ ਦਾ, ਸੁਦਰਸ਼ਨ ਚੱਕਰ ਨਾਲ ਸਿਰ ਕਟ ਦਿਤਾ ਤੇ ਸਿਆਣਪ ਨਾਲ ਭਸਮਾਸੁਰ ਦਾ ਨਾਸ ਵੀ ਕੀਤਾ ਸੀ। **ਗੁਰਜੋਤਿ** ਦਾ ਸਦਾ ਤੋਂ ਹੀ ਉਹੀ, ਕੰਮ ਕਰਣ ਦਾ ਤਰੀਕਾ *modus operandi* ਰਿਹਾ ਹੈ। ਸ੍ਰੀ ਰਾਮ ਚੰਦਰ ਜੀ ਨੇ, ਬਾਲੀ ਨੂੰ ਇੰਵ ਹੀ ਮਾਰਿਆ ਸੀ। ਸ੍ਰੀ ਕ੍ਰਿਸ਼ਨ ਜੀ ਇਹੀ ਨੀਤਿ, ਆਮ ਵਰਤਦੇ ਰਹੇ। ਜੁਧ ਨੀਤੀ ਸ਼ਾਸਤਰ ਵਿਚ ਇਸ ਨੂੰ **Stratagem**, ਯੁਧ ਕਲਾ ਦੀ ਇਕ ਤਰਕੀਬ, ਕਹਿੰਦੇ ਹਨ। ਇਹ 'ਧੋਖਾ' ਦੀ ਸ਼੍ਰੇਣੀ ਵਿਚ ਨਹੀਂ ਆਉਂਦਾ। ਗੁਰੂ ਸਾਹਿਬਾਨ ਨੇ ਵੀ ਜੰਗਾਂ ਦੌਰਾਨ ਦੁਸ਼ਮਣ ਫ਼ੌਜਾਂ ਨੂੰ ਚਕਮਾ ਦੇਣ, dodge ਕਰਣ ਲਈ, ਕਈ ਤਰਕੀਬਾਂ ਅਪਨਾਈਆਂ ਸਨ। ਗੁਰੂ ਸਾਹਿਬਾਨ ਵਲੋਂ ਅਪਣਾਏ ਯੁਧ ਕਲਾ ਬਾਰੇ ਵਧੇਰੇ ਜਾਣਕਾਰੀ ਲਈ, ਦਾਸ ਦੀ ਲਿਖਤ ਪੜ੍ਹੋ - http://gurmat.net/6-laws-of-war/

**ਗੁਰ-ਜੋਤਿ** ਦੇ ਮੋਹਣੀ ਰੂਪ ਦੀ ਵਡਿਆਈ ਕੋਈ ਰਤਨਾਂ ਦੀ ਵੰਡ ਕਰਣ ਵਿਚ ਨਹੀਂ, ਸਗੋਂ ਉਨ੍ਹਾਂ ਨੂੰ ਸਿਰਜ ਕੇ, ਉਸ ਸਮੁੰਦਰ, ਖੀਰ ਸਾਗਰ ਵਿਚ ਰਖਣ ਦੀ ਹੈ। ਸੋ ਸਭ ਤੋਂ ਵਡੀ ਵਡਿਆਈ, ਜੋ ਮਨੁਖ ਜਾਣ ਸਕਦਾ ਹੈ ਉਹ ਉਸ ਦੇ ਕਰਤਾ, ਪਾਲਕ ਤੇ ਨਾਸ਼ਕ ਹੋਣ ਵਿਚ ਹੈ। ਇਹੀ ਉਪਰ ਸਾਰੇ ਪਦਿਆਂ ਵਿਚ ਦਰਸਾਇਆ ਗਿਆ ਹੈ। ਰਾਵਣ ਜਾਂ ਕੰਸ ਮਾਰ ਲੈਣਾ, ਕਾਲੀ ਨੂੰ ਵਸ ਕਰਣਾ, ਰਤਨਾਂ ਨੂੰ ਬਿਨਾਂ ਵਿਵਾਦ ਦੇ ਵੰਡ ਦੇਣਾ, ਅਜਿਹੇ ਹੋਰ ਬੇਅੰਤ ਕਾਰਨਾਮੇ, 'ਕਰਤਾ' ਲਈ ਬਹੁਤ ਮਮੂਲੀ ਗਲਾਂ ਹਨ। ਇਨ੍ਹਾਂ ਵਿਚ ਉਲਝਣ ਨਾਲੋਂ ਉਸਦੇ, ਕਰੀਮ, ਰਹੀਮ, ਕਿਰਪਾਲੂ, ਕਰਤਾ, ਪਾਲਕ, ਨਾਸ਼ਕ ਆਦਿ ਪੱਖਾਂ ਤੋਂ, ਉਸਦੀ ਉਸਤਤਿ, ਭਾਵ, ਸਿਮਰਣ ਕਰਦੇ ਰਹਿਣਾ ਬਣਦਾ ਹੈ।